# ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ
## ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ ਬਲਾਕ, ਪੰਜਵੀਂ ਮੰਜਿਲ, ਫੇਜ਼-8, ਅਜੀਤਗੜ੍ਹ।

ਵੱਲ,

ਸਮੂਹ ਮੰਡਲ ਸਿੱਖਿਆ ਅਫ਼ਸਰ (ਨੋਟਿਸ ਬੋਰਡ ਰਾਹੀਂ)
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.),(ਨੋਟਿਸ ਬੋਰਡ ਰਾਹੀਂ)
ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ,
ਸਮੂਹ ਸਕੂਲ ਮੁੱਖੀ (ਵੈੱਬਸਾਈਟ ਰਾਹੀਂ)
ਪੰਜਾਬ।

ਮੀਮੋ ਨੰ : ਸਸਅ/ਐਮਸੀ/2015 6013
ਮਿਤੀ : 25-5-2015

ਵਿਸ਼ਾ :- **Web Portal/ epunjabschool.gov.in** ਵਿਦਿਆਰਥੀਆਂ ਨੂੰ ਮੈਥ ਅਤੇ ਸਾਇੰਸ ਵਿਸ਼ੇ ਦੇ ਪ੍ਰਸ਼ਨ ਪੁੱਛਣ ਸਬੰਧੀ।

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਛੇਵੀਂ ਤੋਂ ਦਸਵੀਂ ਜਮਾਤ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਵਿੱਚ ਮੈਥ ਅਤੇ ਸਾਇੰਸ ਵਿਸ਼ੇ ਦੀ ਪੜ੍ਹਾਈ ਨੂੰ ਹੋਰ ਰੋਚਕ ਬਣਾਉਣ ਅਤੇ ਵਿਦਿਆਰਥੀਆਂ ਦੇ ਗਿਆਨ ਵਿੱਚ ਹੋਰ ਵਾਧਾ ਕਰਨ ਹਿੱਤ ਸਮੂਹ ਸਕੂਲਾਂ ਦੇ ਵਿਦਿਆਰਥੀਆਂ ਲਈ ਵੈੱਬ ਪੋਰਟਲ ਰਾਹੀਂ ਹਰ ਹਫਤੇ ਇੱਕ ਮੈਥ ਅਤੇ ਇੱਕ ਸਾਇੰਸ ਵਿਸ਼ੇ ਦਾ ਪ੍ਰਸ਼ਨ, ਵਿਭਾਗ ਦੁਆਰਾ **epunjabschool.gov.in** ਰਾਹੀਂ ਮਿਤੀ 27.04.2015 ਤੋਂ ਸਕੂਲ ਦੇ ਅਕਾਊਂਟ ਵਿੱਚ ਜਾਣਗੇ। ਸਕੂਲ ਆਪਣਾ Login ID ਖੋਲ ਕੇ ਸਕੂਲ ਮੁੱਖੀ/ਕੰਪਿਊਟਰ ਫਕੈਲਟੀ ਰਾਹੀਂ ਇਹਨਾਂ ਪ੍ਰਸ਼ਨਾਂ ਨੂੰ ਸਾਇੰਸ, ਮੈਥ ਵਿਸ਼ੇ ਨਾਲ ਸਬੰਧਿਤ ਅਧਿਆਪਕਾਂ ਨੂੰ ਨੋਟ ਕਰਵਾ ਦੇਣਗੇ ਅਤੇ ਵਿਸ਼ਾ ਸਬੰਧਿਤ ਅਧਿਆਪਕ ਸਵੇਰੇ 10:00 ਵਜੇ ਤੱਕ ਵਿਦਿਆਰਥੀਆਂ (ਛੇਵੀਂ ਤੋਂ ਦਸਵੀਂ ਜਮਾਤ ਦੇ) ਨੂੰ ਲਿਖਵਾਉਣਗੇ। ਇਹਨਾ ਪ੍ਰਸ਼ਨਾਂ ਦਾ ਉੱਤਰ ਵਿਦਿਆਰਥੀ ਆਪਣੀ ਮੈਥ ਅਤੇ ਸਾਇੰਸ ਵਿਸ਼ੇ ਦੀ ਨੋਟ ਬੁੱਕ ਵਿੱਚ ਲਿਖਣਗੇ ਅਤੇ ਸਾਰੇ ਵਿਦਿਆਰਥੀਆਂ ਤੋਂ 12:30 ਵਜੇ ਤੱਕ ਪ੍ਰਸ਼ਨ ਦਾ ਉੱਤਰ ਇੱਕਤਰ ਕਰਕੇ ਵਿਸ਼ਾ ਅਧਿਆਪਕ ਸਕੂਲ ਮੁੱਖੀ/ਕੰਪਿਊਟਰ ਫਕੈਲਟੀ ਦੇ ਸਹਿਯੋਗ ਨਾਲ 1:00 ਵਜੇ ਤੱਕ ਵੈੱਬ-ਪੋਰਟਲ ਤੇ ਇਹ ਜਾਣਕਾਰੀ ਪਾਉਣਗੇ ਕਿ ਕਿਸ ਜਮਾਤ ਦੇ ਕਿੰਨੇ ਵਿਦਿਆਰਥੀਆਂ ਨੇ ਇਸ ਦਾ ਸਹੀ ਉੱਤਰ ਦਿੱਤਾ ਹੈ।

2.0 ਇਹ ਸਵਾਲ ਹਰ ਸੋਮਵਾਰ ਨੂੰ ਵੈੱਬ ਪੋਰਟਲ ਰਾਹੀਂ ਸਕੂਲਾਂ ਨੂੰ ਮੁਹਈਆ ਕਰਵਾਇਆ ਜਾਵੇਗਾ। ਸ਼ੁਰੂ ਵਿੱਚ ਇਹ ਪ੍ਰਸ਼ਨ ਛੇਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਹੀ ਪੁੱਛੇ ਜਾ ਰਹੇ ਹਨ।

3.0 ਸਬੰਧਤ ਸਕੂਲ ਮੁੱਖੀ ਸਾਰੇ ਵਿਦਿਆਰਥੀਆਂ ਦੀ ਇਸ ਪ੍ਰਕਿਰਿਆ ਵਿੱਚ ਸਮੂਲੀਅਤ ਯਕੀਨੀ ਬਣਾਉਣਗੇ। ਸਕੂਲ ਮੁਖੀ ਖੁਦ ਵੀ ਵਿਦਿਆਰਥੀਆਂ ਦੀਆਂ ਕਾਪੀਆਂ ਤੇ ਹੱਲ ਕੀਤੇ ਗਏ ਪ੍ਰਸ਼ਨ ਨੂੰ ਚੈਕ ਕਰਨਗੇ।

4.0 ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ ਅਤੇ ਐ.ਸਿ.), ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ ਤੋਂ ਇਲਾਵਾ ਵਿਭਾਗ ਦੇ ਹੋਰ ਉੱਚ ਅਧਿਕਾਰੀ ਵੀ ਇਸ ਦੀ ਮੋਨੀਟਰਿੰਗ ਕਰਨਗੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ

ਪਿੱਠਅੰਕਣ ਨੰ: ਸਸਅ/ਐਮਸੀ/ਉਕਤ ਮਿਤੀ:

ਉੱਕਤ ਦਾ ਉਤਾਰਾ ਡੀ.ਪੀ.ਆਈ. (ਸੈ.ਸਿ.) ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ